This question paper contains 2 printed pages]

**Roll No.** | | | | | | | | | | | |

S. No. of Question Paper : **4479**

Unique Paper Code : **212452** **C**

Name of the Paper : **Punjabi Discipline-B**

Name of the Course : **B.A. (Programme)**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**Instructions for candidates**

**ਨੋਟ** :—ਸਾਰੇ ਸਵਾਲ ਕਰਨੇ ਜ਼ਰੂਰੀ ਹਨ ।

1. ਪੰਜਾਬੀ ਸੂਫ਼ੀ-ਕਾਵਿ ਦੀਆਂ ਵਿਸ਼ੇਸ਼ਤਾਵਾਂ ਬਾਰੇ ਭਰਪੂਰ ਜਾਣਕਾਰੀ ਪੇਸ਼ ਕਰੋ ।

**ਜਾਂ**

ਸੂਫ਼ੀ-ਕਾਵਿ ਦੇ ਵਿਕਾਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ । 15

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਉੱਤਰ ਦਿਉ : 10

(ੳ) 'ਸੂਫ਼ੀ' ਤੋਂ ਤੁਹਾਡਾ ਕੀ ਭਾਵ ਹੈ ? ਸੂਫ਼ੀ ਜੀਵਨ-ਜਾਚ ਬਾਰੇ ਜਾਣਕਾਰੀ ਦਿਉ ।

(ਅ) ਬਾਬਾ ਸ਼ੇਖ ਫ਼ਰੀਦ ਜਾਂ ਬੁੱਲ੍ਹੇ ਸ਼ਾਹ ਵਿਚੋਂ ਕਿਸੇ **ਇਕ** ਦੀ ਰਚਨਾਤਮਕ ਜਾਣ-ਪਛਾਣ ਕਰਾਉ ।

(ੲ) ਹੇਠਾਂ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਫਰੀਦਾ ਜੇ ਤੂੰ ਅਕਲਿ ਲਤੀਫ, ਕਾਲੇ ਲਿਖੁ ਨ ਲੇਖੁ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ ॥
ਫਰੀਦਾ ਜੇ ਤੈ ਮਾਰਨ ਮੁਕੀਆਂ, ਤਿਨ੍ਹਾਂ ਨ ਮਾਰੇ ਘੁੰਮਿ ॥
ਆਪਨੜੇ ਘਰ ਜਾਈਐ, ਪੈਰ ਤਿਨ੍ਹਾਂ ਦੇ ਚੁੰਮਿ ॥

P.T.O.

ਜਾਂ

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ
ਮਸਜਿਦ ਕੋਲੋਂ ਜਿਊੜਾ ਡਰਿਆ
ਪੁਛ ਪੁਛ ਠਾਕਰ ਦਵਾਰੇ ਵੜਿਆ
ਜਿਥੇ ਵਜਦੇ ਨਾਦ ਹਜ਼ਾਰ
ਇਸ਼ਕ ਦੀ ਨਵੀਉਂ ਨਵੀ ਬਹਾਰ ।

3. <u>ਮੇਰਾ ਪਾਕਿਸਤਾਨੀ ਸਫ਼ਰਨਾਮਾ</u> ਵਾਰਤਕ ਰਚਨਾ ਦੀਆਂ ਰਚਨਾਤਮਕ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

ਜਾਂ

<u>ਮੇਰਾ ਪਾਕਿਸਤਾਨੀ ਸਫ਼ਰਨਾਮਾ</u> ਪੁਸਤਕ ਵਿਚ ਲੇਖਕ ਨੂੰ ਕਿਹੋ ਜਿਹੇ ਤਜ਼ਰਬੇ ਹੋਏ ? ਕੁਝ ਚੋਣਵੀਆਂ ਘਟਨਾਵਾਂ ਤੇ ਸਥਿਤੀਆਂ ਦੀ ਬਿਆਨ ਕਰੋ । 15

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦਾ ਸੰਖੇਪ ਵਿਚ ਉੱਤਰ ਦਿਉ : 10

(ੳ) ਹੀਰ ਦਾ ਮਕਬਰਾ ਕਿਥੇ ਸਥਿਤ ਹੈ ? ਲੇਖਕ ਨੂੰ ਉੱਥੇ ਕਿਹੋ ਜਿਹਾ ਤਜ਼ਰਬਾ ਹੋਇਆ ।

(ਅ) ਮੇਰਾ ਪਾਕਿਸਤਾਨੀ ਸਫ਼ਰਨਾਮਾ ਵਿਚੋਂ ਤੁਹਾਨੂੰ ਕਿਹੜੀ ਘਟਨਾ ਜਾਂ ਵੇਰਵੇ ਨੇ ਟੁੰਬਿਆ ਹੈ ਤੇ ਕਿਉਂ ?

(ੲ) <u>ਮੇਰਾ ਪਾਕਿਸਤਾਨੀ ਸਫ਼ਰਨਾਮਾ</u> ਦੀਆਂ ਉਘੜਵੀਆਂ ਸ਼ੈਲੀਗਤ ਵਿਲੱਖਣਤਾਵਾਂ ਬਾਰੇ ਸੰਖੇਪ ਜਾਣਕਾਰੀ ਦਿਉ ।

5. (ੳ) 'ਪ੍ਰਤੀਕ' ਤੇ 'ਬਿੰਬ' ਵਿੱਚ ਕੀ ਅੰਤਰ ਹੈ ? ਉਦਾਹਰਣਾਂ ਦੇ ਕੇ ਸਪੱਸ਼ਟ ਕਰੋ । 10

(ਅ) 'ਸਫ਼ਰਨਾਮੇ' ਨੂੰ ਪਰਭਾਸ਼ਿਤ ਕਰਦਿਆਂ ਉਸਦੇ ਤੱਤਾਂ ਤੇ ਰੋਸ਼ਨੀ ਪਾਓ ॥ 5

(ੲ) 'ਵਾਰ' ਤੇ 'ਜੰਗਨਾਮੇ' ਵਿਚ ਕੀ ਅੰਤਰ ਹੈ ? 10

ਜਾਂ

'ਕਿੱਸੇ' ਦੀਆਂ ਰੂਪਾਕਾਰੀ ਵਿਲੱਖਣਤਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ ।